**Enrollment No.**

| 1 | 7 | 0 | 6 | 5 | | | | | | |
|---|---|---|---|---|---|---|---|---|---|---|

**C-117- Pb.**

No. of Questions – **25**

No. of Printed Pages – **4**

# Open Basic Education Examination Program – 2019

## Level-C (CLASS-8)
## Punjabi

**[Time: 2.30 Hrs.]** **[Max. Marks: 100]**

- **ਪ੍ਰੀਖਿਆਰਥੀਆਂ ਲਈ ਆਮ ਹਿਦਾਇਤਾਂ:-**

✓ ਸਾਰੇ ਪ੍ਰਸ਼ਨ ਕਰਨੇ ਜਰੂਰੀ ਹਨ |

✓ ਸਾਰੇ ਪ੍ਰਸ਼ਨਾਂ ਦੇ ਉੱਤਰ ਆਪਣੀ ਉੱਤਰ ਪੁਸਤਿਕਾ ਵਿੱਚ ਲਿਖੋ |

✓ ਹਰੇਕ ਪ੍ਰਸ਼ਨ ਦੇ ਅੰਕ ਉਸ ਦੇ ਸਾਹਮਣੇ ਅੰਕਿਤ ਹਨ |

**1 ਤੋਂ 6 ਹੇਠ ਲਿਖੇ ਪ੍ਰਸ਼ਨਾਂ ਦਾ ਕੋਈ ਇੱਕ ਸਹੀ ਉੱਤਰ ਲਿਖੋ** **1x6=6**

1. 'ਇੱਕ ਰੰਗ ਹੋਵੇ ਅਮਨ ਦਾ' ਤੋਂ ਕੀ ਭਾਵ ਹੈ ?

   A. ਗਰੀਬ B. ਸ਼ਾਂਤੀ

   C. ਰੰਗ D. ਵੱਖਰਾ

2. ਮਰਹੱਟੇ ਸਰਦਾਰਾਂ ਦੀ ਫੌਜ ਕਿੰਨੀ ਸੀ ?

   A. ਤੀਹ ਹਜ਼ਾਰ B. ਸੱਤ ਹਜ਼ਾਰ

   C. ਦਸ ਹਜ਼ਾਰ D. ਪੰਜ ਹਜ਼ਾਰ

3. ਊਧਮ ਸਿੰਘ ਦਾ ਜਨਮ ਕਿਸ ਸਥਾਨ ਤੇ ਹੋਇਆ ?

   A. ਰੋਪੜ B. ਅੰਮ੍ਰਿਤਸਰ

   C. ਸੁਨਾਮ D. ਬਰਨਾਲਾ

4. ਨਾਂਵ ਦੀ ਥਾਂ ਤੇ ਵਰਤੇ ਜਾਣ ਵਾਲੇ ਸ਼ਬਦਾਂ ਨੂੰ ਕਹਿੰਦੇ ਹਨ?

A. ਕਿਰਿਆ B. ਪੜ੍ਹਨਾਵ

C. ਵਿਸ਼ੇਸ਼ਣ D. ਕਾਰਕ

5. ਦਰੋਪਦੀ ਦਾ ਅਪਮਾਨ ਕਰਨ ਦੀ ਕੋਸ਼ਿਸ਼ ਕਿਸ ਨੇ ਕੀਤੀ?

A. ਅਰਜਨ ਨੇ B. ਯੁਧਿਸ਼ਟਰ ਨੇ

C. ਦੁਰਯੋਧਨ ਨੇ D. ਦ੍ਰਿਤ ਰਾਸ਼ਟਰ ਨੇ

6. ਹੇਮਕੁੰਟ ਸ਼ਬਦ ਵਿੱਚ ਹੇਮ ਸ਼ਬਦ ਦਾ ਕੀ ਅਰਥ ਹੈ ?

A. ਪਾਣੀ B. ਸਰੋਵਰ

C. ਮਿੱਟੀ D. ਬਰਫ

7. 'ਕੌਣ ਕਦੇ ਢੁੱਕਿਆ ਹੈ' ਕਵਿਤਾ ਦਾ ਕੇਂਦਰੀ ਭਾਵ ਲਿਖੋ? 3

8. ਦੁਨੀਆਂ ਦੁੱਖ ਨਗਰੀ ਹੈ ਜਾਂ ਸੁਖ ਨਗਰੀ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ? 3

9. ਸ਼ੁਰੂ ਵਿੱਚ ਮਿੰਨੀ ਕਾਬਲੀ ਵਾਲੇ ਤੋਂ ਕਿਉਂ ਡਰਦੀ ਸੀ? 3

10.ਅਸਮਾਨ ਨੂੰ ਛੋਹਣ ਲਈ ਕਿਹੜੇ ਕੰਮ ਕਰਨੇ ਚਾਹੀਦੇ ਹਨ? 3

11.ਬਾਬਾ ਦੀਪ ਸਿੰਘ ਜੀ ਨੇ ਕਿਸ ਤਰ੍ਹਾਂ ਸ਼ਹੀਦੀ ਪ੍ਰਾਪਤ ਕੀਤੀ? 3

12. ਗਰੀਬ ਨਿਵਾਜ਼ ਇਕਾਂਗੀ ਦੇ ਆਧਾਰ ਤੇ ਮਹਾਰਾਜਾ ਰਣਜੀਤ ਸਿੰਘ ਦੇ ਕੋਈ ਤਿੰਨ ਗੁਣ ਲਿਖੋ? 3

13. ਰੁੱਖ ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ? 5

14. ਜੰਗਲ ਕੁਦਰਤ ਦੇ ਬਣਾਏ ਹੋਏ ਹਸਪਤਾਲ ਹਨ ਕਿਵੇਂ ? 5

15. ਆਨੰਦਪੁਰ ਸਾਹਿਬ ਵਿਖੇ ਔਖਾ ਵੇਲਾ ਕਿਉਂ ਬਣਿਆ ਹੋਇਆ ਸੀ? 5

16. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ:- 1x4=4

ਮੁਗਲ ਸਮਰਾਟ ਸ਼ਾਹ ਜਹਾਨ ਨੂੰ ਇਮਾਰਤਾਂ ਬਣਾਉਣ ਦਾ ਬੜਾ ਸ਼ੌਕ ਸੀ, ਤਾਜ ਮਹਲ ਉਸ ਦੀ ਸਭ ਤੋਂ ਵਧੀਆ ਇਮਾਰਤ ਕਹੀ ਜਾ ਸਕਦੀ ਹੈ | ਇਸ ਨੇ ਆਪਣੇ ਅਤਿ ਸੁੰਦਰ ਤੇ ਮਨਮੋਹਣੀ ਬੇਗਮ ਮੁਮਤਾਜ ਦੀ ਯਾਦ ਵਿੱਚ ਇਹ ਇਮਾਰਤ ਭਾਰਤ ਦੇ ਆਗਰਾ ਸ਼ਹਿਰ ਵਿੱਚ ਬਣਵਾਈ | ਇਹ ਉਸ ਦੀ ਆਪਣੀ ਬੇਗਮ ਪ੍ਰਤੀ ਪਿਆਰ ਦੀ ਅਮਰ ਨਿਸ਼ਾਨੀ ਹੈ| ਜਿਸ ਨੂੰ ਹੁਣ ਤੱਕ ਦੇਸ਼ ਵਿਦੇਸ਼ ਦੇ ਬੇਸ਼ੁਮਾਰ ਸੈਲਾਨੀ ਵੇਖਣ ਆਉਂਦੇ ਹਨ|

a) ਮੁਗ਼ਲ ਸਮਰਾਟ ਸ਼ਾਹਜਹਾਨ ਨੂੰ ਕੀ ਸ਼ੌਂਕ ਸੀ
b) ਸ਼ਾਹਜਹਾਨ ਦੁਆਰਾ ਬਣਵਾਈ ਸਭ ਤੋਂ ਵਧੀਆ ਇਮਾਰਤ ਕਿਹੜੀ ਹੈ
c) ਇਹ ਇਮਾਰਤ ਉਸ ਨੇ ਕਿਸ ਦੀ ਯਾਦ ਵਿੱਚ ਬਣਾਈ
d) ਇਹ ਇਮਾਰਤ ਭਾਰਤ ਦੇ ਕਿਹੜੇ ਸ਼ਹਿਰ ਵਿੱਚ ਬਣੀ ਹੋਈ ਹੈ

17. ਹੇਠ ਲਿਖੇ ਕਿਸੇ ਇੱਕ ਕਾਵਿ ਟੋਟੇ ਦੀ ਵਿਆਖਿਆ ਕਰੋ 5

ਤੇਰੇ ਪ੍ਰਸ਼ਾਸਨ ਦੀ ਅੱਜ ਵੀ
ਲੋਕ ਪਾਉਂਦੇ ਨੇ ਕਹਾਣੀ
ਤੇਰੀ ਕਰਨੀ ਤੇਰੀ ਸ਼ਕਤੀ
ਕੌਣ ਹੈ ਇਹਨਾਂ ਦਾ ਸਾਨੀ

ਜਾਂ

ਇਸ ਟੱਕਰ ਵਿੱਚੋਂ ਉਪਜਦਾ
ਇਹ ਗੜ੍ਹ ਗੜ੍ਹ ਕਰਦਾ ਸ਼ੋਰ
ਅਤੇ ਨਾਲ ਏਸ ਦੇ ਨਿੱਕਲਦੀ
ਮੇਰੀ ਤੇਜ਼ ਤਿੱਖੀ ਲਿਸ਼ਕੋਰ

18. 'ਕਿਸੇ ਦੇਸ਼ ਦੀ ਸਿਹਤ ਲਈ ਜੰਗਲਾਂ ਦਾ ਹੋਣਾ ਜਰੂਰੀ ਹੈ' ਇਸ ਕਥਨ ਦਾ ਕੀ ਭਾਵ ਹੈ ਆਪਣੇ ਸ਼ਬਦਾਂ ਵਿੱਚ ਲਿਖੋ ? 4

19. ਵਾਕਾਂ ਵਿੱਚ ਵਰਤੋਂ ਕਰੋ (ਕੋਈ ਤਿੰਨ) 3

ਜ਼ਿੰਦਗੀ, ਮਿਹਨਤੀ, ਵਿਦਿਆਰਥੀ, ਕੁਦਰਤ, ਸਿਆਣੇ

20. A. ਲਿੰਗ ਬਦਲੋ (ਕੋਈ ਤਿੰਨ) 3

ਨੌਕਰ, ਭੁੱਖਾਂ, ਜੇਠ, ਧੋਬੀ, ਪੁੱਤਰ

B. ਵਚਨ ਬਦਲੋ (ਕੋਈ ਚਾਰ) 4

ਕਹਾਣੀ, ਨਾਰੀ, ਹਵਾ, ਲੜਕੀ, ਸੁਫ਼ਨਾ

21. ਵਿਰੋਧੀ ਸ਼ਬਦ ਲਿਖੋ (ਕੋਈ ਚਾਰ) 4

ਦੁੱਖ, ਧੋਖਾ, ਝੂਠ, ਧਰਮ, ਹੱਸਣਾ

22. 'ਆਪ' ਅਗੇਤਰ ਅਤੇ 'ਆਰੀ' ਪਿਛੇਤਰ ਨਾਲ ਦੋ-ਦੋ ਸ਼ਬਦ ਬਣਾਓ| 4

23. ਨਾਂਵ ਦੀ ਪਰਿਭਾਸ਼ਾ ਦੱਸਦੇ ਹੋਏ ਭੇਦਾਂ ਦੇ ਨਾਂ ਲਿਖੋ| 8

24. ਤੁਸੀਂ ਸ੍ਰੀਗੰਗਾਨਗਰ ਦੇ ਰਹਿਣ ਵਾਲੇ ਹਰਮੀਤ ਸਿੰਘ ਹੋ ਤੁਹਾਡੇ ਪਿਤਾ ਜੀ ਗਰੀਬ ਕਿਸਾਨ ਹਨ ਘਰ ਦੀ ਮੰਦੀ ਹਾਲਤ ਦੱਸਦੇ ਹੋਏ ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਫੀਸ ਮੁਆਫ਼ ਕਰਨ ਲਈ ਬਿਨੇ ਪੱਤਰ ਲਿਖੋ| 8

ਜਾਂ

ਤੁਹਾਨੂੰ ਪਿਛਲੀ ਰਾਤ ਤੋਂ ਤੇਜ਼ ਬੁਖ਼ਾਰ ਹੈ ਇਹ ਕਾਰਨ ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਦੱਸਦੇ ਹੋਏ ਛੁੱਟੀ ਲੈਣ ਲਈ ਬਿਨੇ ਪੱਤਰ ਲਿਖੋ| 8

25. ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ 8

a. ਮਨ ਜਿੱਤੇ ਜਗ ਜੀਤ
b. ਦੀਵਾਲੀ
c. ਸ੍ਰੀ ਗੁਰੂ ਨਾਨਕ ਦੇਵ ਜੀ
d. ਹੋਲੀ